# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ. ਨੰ:104-106, ਦੂਜੀ ਅਤੇ ਤੀਜੀ ਮੰਜਿਲ ਸੈਕਟਰ 34-ਏ ਚੰਡੀਗੜ੍ਹ।**

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਸਮੂਹ ਡੀ.ਆਰ.ਪੀ. (ਟੈਕਸਟ ਬੁੱਕ)
ਸਮੂਹ ਸਕੂਲ ਮੁੱਖੀ (ਵੈਬ ਸਾਈਟ ਰਾਹੀਂ)
ਪੰਜਾਬ।

ਮੀਮੋ ਨੰ : ਸਸਅ/ਏਐਸਪੀਡੀ/ਮੈਥ/2013/ 6830-33
ਮਿਤੀ, ਚੰਡੀਗੜ੍ਹ : 05-05-2013

**ਵਿਸ਼ਾ:- ਅੱਪਰ ਪ੍ਰਾਇਮਰੀ ਵਿਦਿਅਕ ਕਲੰਡਰ 2013 -2014 ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਵਿਦਿਆਰਥੀਆਂ ਦੇ ਲਗਾਤਾਰ ਸਰਵ ਪੱਖੀ ਵਿਕਾਸ ਲਈ ਵਿੱਦਿਅਕ ਅਤੇ ਸਹਿ ਵਿੱਦਿਅਕ ਕਿਰਿਆਵਾਂ ਜ਼ਰੂਰੀ ਹਨ।ਇਹਨਾਂ ਗਤੀਵਿਧੀਆਂ ਨੂੰ ਸਕੂਲ ਦੇ ਰੈਗੂਲਰ ਪਾਠਕ੍ਰਮ ਦਾ ਹਿੱਸਾ ਬਣਾਉਣ ਲਈ, ਸਕੂਲ ਸਿੱਖਿਆ ਵਿਭਾਗ ,ਪੰਜਾਬ ਵਲੋਂ ,ਅੱਪਰ ਪ੍ਰਾਇਮਰੀ ਸਕੂਲਾਂ ਲਈ ਛੇਵੀਂ ਤੋਂ ਬਾਰ੍ਹਵੀ ਜਮਾਤ ਦੇ ਵਿਦਿਆਰਥੀਆਂ ਲਈ 'ਵਿਦਿਅਕ ਕਲੰਡਰ' 2013-14 ਤਿਆਰ ਕੀਤਾ ਗਿਆ ਹੈ।ਜਿਸ ਵਿੱਚ ਸਿੱਖਿਆ ਵਿਭਾਗ ਦੀ ਦੂਸਰੀਆਂ ਸ਼ਾਖਾਵਾ ਜਿਵੇਂ ਕਿ, ਐਸ.ਆਈ.ਐਸ.ਈ, ਪੰਜਾਬ ਸਟੇਟ ਕੌਂਸਿਲ ਆਫ ਸਾਇੰਸ ਐਂਡ ਤਕਨੋਲੋਜੀ ,ਪੰਜਾਬ ਸਕੂਲ ਸਿੱਖਿਆ ਬੋਰਡ ,ਸਿੱਖਿਆ ਵਿਭਾਗ ਦੇ ਸਪੋਰਟਸ ਵਿੰਗ, ਐਸ.ਸੀ.ਈ.ਆਰ.ਟੀ, ਪੰਜਾਬ ਵਲੋਂ ਅਤੇ ਐਸ.ਐਸ.ਏ ਅਧੀਨ ਕਾਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਨੂੰ ਦਰਸਾਇਆ ਗਿਆ ਹੈ।

3.0 ਉਪਰੋਕਤ ਵਿਦਿਅਕ ਕਲੰਡਰ ਛਪ ਕੇ ਤਿਆਰ ਹੋ ਚੁੱਕਾ ਹੈ ਜੋ ਕਿ ਪ੍ਰਤੀ ਸਕੂਲ ਇੱਕ ਕਲੰਡਰ ਦਿੱਤਾ ਜਾਵੇਗਾ।

3.1 ਇਹ ਅੱਪਰ ਪ੍ਰਾਇਮਰੀ ਵਿਦਿਅਕ ਕਲੰਡਰ ,ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਦੇ ਦਫ਼ਤਰ ਵਿੱਚ ਪਹੁੰਚ ਚੁੱਕਾ ਹੈ ਜੋ ਕਿ ਡੀ.ਆਰ.ਪੀ.(ਟੈਕਸਟ ਬੁੱਕ) ਅਤੇ ਬੀ.ਆਰ.ਪੀ. (ਟੈਕਸਟ ਬੁੱਕ)ਰਾਹੀਂ ਸਕੂਲਾਂ ਵਿੱਚ ਪਹੁੰਚਾਇਆ ਜਾ ਰਿਹਾ ਹੈ।

3.2 ਜੇਕਰ ਕਿਸੇ ਸਕੂਲ ਨੂੰ ਇਹ ਵਿਦਿਅਕ ਕਲੰਡਰ ਹੁਣ ਤੱਕ ਨਹੀਂ ਪਹੁੰਚਦਾ ਤਾਂ ਸਕੂਲ ਮੁੱਖੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਬੰਧਤ ਬੀ.ਆਰ.ਪੀ (ਟੈਕਸਟ ਬੁੱਕ) ਨੂੰ ਸੰਪਰਕ ਕੀਤਾ ਜਾਵੇ।

3.3 ਬਿਹਤਰ ਹੋਵੇਗਾ ਕਿ ਇਹ ਕਲੰਡਰ ਸਕੂਲ ਮੁੱਖੀ ਆਪਣੇ ਦਫ਼ਤਰ ਵਿੱਚ ਉਸ ਜਗ੍ਹਾਂ ਤੇ ਉਚਿਤ ਉਚਾਈ ਤੇ ਲਗਾਇਆ ਜਾਵੇ ਤਾਂ ਜੋ ਵਿਦਿਆਰਥੀ ਅਤੇ ਅਧਿਆਪਕ ਵਰਗ ਇਸ ਦਾ ਆਸਾਨੀ ਨਾਲ ਲਾਭ ਉਠਾ ਸਕਣ।

4.0 ਹੁਕਮਾਂ ਦੀ ਇੰਨ -ਬਿੰਨ ਪਾਲਣਾ ਯਕੀਨੀ ਬਣਾਈ ਜਾਵੇ।

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**

ਪਿਠਅੰਕਣ ਨੰ: ਸਸਅ/ਏਐਸਪੀਡੀ/ਮੈਥ /2013/ 6834 ਮਿਤੀ: 05-05-2013

ਡੀ.ਐਮ.(ਐਮ.ਆਈ.ਐਸ)ਨੂੰ ਵੈਬ ਸਾਇਟ ਤੇ ਪਾਉਣ ਹਿੱਤ ।

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**